ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਲੇਖਾ ਸ਼ਾਖਾ)

ਸੇਵਾ ਵਿਖੇ,

ਕਮਿਸ਼ਨਰ,
ਨਗਰ ਨਿਗਮ, ਲੁਧਿਆਣਾ।
ਨੰ:ਲੇਖਾਕਾਰ-6-ਉਕਵਲ-ਡਸਸ-(ਨਿਗਮ/454/58)-15/
ਮਿਤੀ:

ਵਿਸ਼ਾ:- ਨਗਰ ਨਿਗਮ, ਲੁਧਿਆਣਾ ਦਾ ਬਜਟ ਸਾਲ 2015-16 ਸਬੰਧੀ।

*********

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਪੰਜਾਬ ਨਗਰ ਨਿਗਮ ਐਕਟ, 1976 ਦੇ ਨਿਯਮ 87 (2) ਅਤੇ 86 (1) ਅਧੀਨ ਨਗਰ ਨਿਗਮ, ਲੁਧਿਆਣਾ ਦਾ ਬਜਟ ਅਨੁਮਾਨ ਸਾਲ 2015-16 ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਸਕੱਤਰ, ਸਥਾਨਕ ਸਰਕਾਰ, ਪੰਜਾਬ ਵਲੋਂ ਪ੍ਰਵਾਨ ਕੀਤਾ ਜਾਂਦਾ ਹੈ :-

**ਬਜਟ ਐਸਟੀਮੇਟ (2015-16)** **(ਰਕਮ ਲੱਖਾਂ ਵਿੱਚ)**

| ਆਮਦਨ | ਵਿਭਾਗ ਦੀ ਤਜਵੀਜ |
|---|---|
| ਮਿਤੀ 01/04/2015 ਨੂੰ ਮੁੱਢਲਾ ਬਕਾਇਆ (ਕੈਸ਼ ਬੁੱਕ ਅਨੁਸਾਰ) | 8682.56 |
| ਸਾਲ 2015-16 ਲਈ ਆਮਦਨ | 74270.00 |
| **ਕੁਲ** | **82952.56** |
| **ਖਰਚਾ** | |
| ੳ) ਅਮਲਾ-(ਸਮੇਤ ਤਨਖਾਹਾਂ, ਏਰੀਅਰ, ਪੈਨਸਨ ਕੰਟਰੀਬਿਊਸ਼ਨ ਰਿਟਾਇਰਮੈਂਟ ਲਾਭ, ਮੈਡੀਕਲ ਰਿੰਬਰਸਮੈਂਟ ਅਤੇ ਟੀ.ਏ/ਐਲ.ਟੀ.ਸੀ ਆਦਿ) | 30679.00 |
| ਅ) ਕੰਟੀਜੈਂਸੀ: | 3000.00 |
| ੲ) ਵਿਕਾਸ ਦੇ ਕੰਮਾਂ ਲਈ ਕਮਿਟਡ : 15470.00<br>ਨਾਨ ਕਮਿਟਡ : 25635.00 | 41105.00 |
| **ਕੁਲ** | **74784.00** |
| ਮਿਤੀ 31/3/2016 ਲਈ ਅੰਤਿਮ ਬਕਾਇਆ | 8168.56 |
| **ਕੁਲ** | **82952.56** |

**ਆਮਦਨ:-** ਇਸ ਮੱਦ ਅਧੀਨ ਸਾਲ 2015-16 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦੀ ਕੁੱਲ ਆਮਦਨ 74270.00 ਲੱਖ ਪ੍ਰਵਾਨ ਕੀਤੀ ਜਾਂਦੀ ਹੈ। :

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਹਾਊਸ ਟੈਕਸ/ਪ੍ਰਾਪਰਟੀ ਟੈਕਸ | 6000.00 |
| ਵੈਟ | 42000.00 |
| ਰੈਂਟ/ਤਹਿਬਜਾਰੀ | 460.00 |
| ਬਿਜਲੀ ਤੋਂ ਚੁੰਗੀ | 3600.00 |
| ਸਲਾਟਰ ਹਾਊਸ/ਕੰਪੋਜੀਸਨ ਫੀਸ | 1010.00 |
| ਬੈਂਕਾਂ ਤੋਂ ਕਰਜਾ | 10500.00 |
| ਅਕਸਾਈਜ ਡਿਊਟੀ | 1800.00 |
| ਵਿਗਿਆਪਨ | 370.00 |
| ਲਾਇਸੰਸ (ਅੰਡਰ ਸੈਕਸ਼ਨ 343) | 125.00 |
| ਸੇਲ ਆਫ ਪ੍ਰਾਪਰਟੀ | 2000.00 |
| ਫੁਟਕਲ ਆਮਦਨ | 6405.00 |
| **ਕੁੱਲ** | **74270.00** |

Scanned by CamScanner

ਨੋਟ :- ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਦਾ ਹਾਊਸ ਟੈਕਸ ਮੱਦ ਅਧੀਨ ਪਿਛਲਾ ਬਕਾਇਆ ਵਸੂਲ ਕਰਨ ਯੋਗ ਹੈ। ਇਸ ਲਈ ਇਹ ਰਕਮ ਹਰ ਹਾਲਤ ਵਿੱਚ ਸਾਲ 2015-16 ਦੌਰਾਨ ਰਿਕਵਰ ਕਰਨੀ ਯਕੀਨੀ ਬਣਾਈ ਜਾਵੇ।

**ਖਰਚਾ: ਅਮਲਾ:** ਇਸ ਮੱਦ ਅਧੀਨ ਨਗਰ ਨਿਗਮ, **ਲੁਧਿਆਣਾ** ਨੂੰ ਖਾਲੀ ਆਸਾਮੀਆਂ ਦਾ ਖਰਚਾ ਪ੍ਰਵਾਨ ਨਹੀਂ ਕੀਤਾ ਜਾਂਦਾ। ਤਨਖਾਹਾਂ / ਰਿਟਾਇਰਮੈਂਟ ਬੈਨੀਫਿਟ / ਪੈਨਸਨ ਕੰਟਰੀਬਿਊਸਨ ਅਦਾ ਕਰਨ ਲਈ 30679.00 ਲੱਖ ਰੁਪਏ ਦਾ ਬਜਟ ਪ੍ਰਵਾਨ ਕੀਤਾ ਜਾਂਦਾ ਹੈ। ਨਗਰ ਨਿਗਮ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਹੈਡ ਅਧੀਨ ਖਰਚਾ ਪ੍ਰਵਾਨਤ ਬਜਟ ਤੋਂ ਵੱਧ ਨਾ ਕੀਤਾ ਜਾਵੇ ਅਤੇ ਕੋਈ ਵੀ ਅਸਾਮੀ ਬਿਨਾਂ ਪੂਰਵ ਪ੍ਰਵਾਨਗੀ ਦੇ ਨਾ ਭਰੀ ਜਾਵੇ।

ਨੋਟ :- **ਆਪ ਵੱਲੋਂ ਕਰਮਚਾਰੀਆਂ ਦੀਆਂ ਤਨਖਾਹਾਂ ਸਬੰਧੀ ਦਿੱਤੇ ਗਏ ਵੇਰਵੇ ਸਹੀ ਨਹੀਂ ਜਾਪਦੇ ਹਨ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਇੱਕ ਵਾਰ ਆਪਣੇ ਪੱਧਰ ਤੇ ਸਮੂਹ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਨਾਲ ਤਨਖਾਹਾਂ ਦਾ ਮਿਲਾਨ ਕਰਕੇ ਸਹੀ ਵੇਰਵੇ ਤਿਆਰ ਕਰਨਾ ਯਕੀਨੀ ਬਣਾਓ ਤਾਂ ਜੋ ਕਿਸੇ ਕਰਮਚਾਰੀ/ਅਧਿਕਾਰੀ ਨੂੰ ਵਾਧੂ ਅਦਾਇਗੀ ਨਾ ਹੋ ਸਕੇ ਅਤੇ ਭੱਵਿਖ ਵਿੱਚ ਪ੍ਰਾਪਤ ਹੋਣ ਵਾਲੇ ਬਜਟ ਵਿੱਚ ਸਹੀ ਤੱਥ ਪੇਸ਼ ਕੀਤੇ ਜਾ ਸਕਣ।**

**ਕੰਟੀਜੈਂਸੀ:-** ਇਸ ਮੱਦ ਅਧੀਨ ਸਾਲ 2015-16 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 3000.00 **ਲੱਖ** ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਸਟੇਸ਼ਨਰੀ | 35.00 |
| ਬਿਜਲੀ ਬਿਲ | 60.00 |
| ਪੈਟਰੋਲ, ਡੀਜਲ /ਓ ਐਂਡ ਐਮ | 1350.00 |
| ਟੈਲੀਫੋਨ | 8.00 |
| ਕੰਪਿਊਟਰ ਦੀ ਖਰੀਦ | 51.00 |
| ਸੈਨੀਟੇਸਨ ਕੰਟੀਜੈਂਸੀ | 700.00 |
| ਸਿਟੀ ਬੱਸ ਸਰਵਿਸ | 100.00 |
| ਹੋਰ ਫੁਟਕਲ | 696.00 |
| ਕੁਲ ਜੋੜ | **3000.00** |

**ਵਿਕਾਸ:-** ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 41105.00 **ਲੱਖ** ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ (ਕਮਿਟਡ) | ਵਿਭਾਗ ਦੀ ਪ੍ਰਵਾਨਗੀ |
|---|---|
| ਬਿਜਲੀ ਬਿਲ | 4500.00 |
| ਰੀਪੇਮੈਂਟ ਆਫ ਲੋਨ | 8500.00 |
| ਮਿਊਂਸਪਲ ਭਵਨ | 100.00 |
| ਭੌਂ ਪ੍ਰਾਪਤੀ | 100.00 |
| ਮਸ਼ੀਨਰੀ ਦੀ ਖਰੀਦ | 200.00 |
| ਸੌਲਿਡ ਵੇਸਟ | 1400.00 |
| ਆਡਿਟ ਫੀਸ | 100.00 |
| ਇਲੈਕਸ਼ਨ/ਡਾਇਰੈਕਟੋਰੇਟ ਚਾਰਜਿਜ | 247.00 |
| ਹੋਰ ਫੁਟਕਲ ਕੰਮਾਂ ਲਈ | 323.00 |
| ਕੁੱਲ | **15470.00** |
| ਨਾਨ ਕਮਿਟਡ | ਵਿਭਾਗ ਦੀ ਪ੍ਰਵਾਨਗੀ |
| ਸੜਕਾਂ /ਰਿਪੇਅਰ | 7550.00 |
| ਗਲੀਆਂ ਤੇ ਨਾਲੀਆਂ | 1700.00 |
| ਬਰਿੱਜ/ਪ੍ਰੋਜੈਕਟਸ | 150.00 |
| ਦਫਤਰੀ ਬਿਲਡਿੰਗ | 1550.00 |
| ਸਟਰੀਟ ਲਾਈਟ | 850.00 |
| ਸਕੀਮਾਂ ਅਧੀਨ ਨ.ਨਿ ਦਾ ਬਣਦਾ ਹਿੱਸਾ | 850.00 |
| ਪਾਰਕਾਂ ਲਈ | 550.00 |
| ਫੁਟਕਲ | 12435.00 |
| ਕੁੱਲ | **25635.00** |

Scanned by CamScanner

ਵਿਸ਼ੇਸ਼ ਨੋਟ :- ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭੱਵਿਖ ਵਿੱਚ ਭੇਜਿਆ ਜਾਣ ਵਾਲਾ ਬਜਟ ਇਸ ਦਫਤਰ ਵੱਲੋਂ ਨਿਰਧਾਰਿਤ ਪ੍ਰੋਫਾਰਮਿਆਂ ਵਿੱਚ ਹੀ ਤਿਆਰ ਕਰਕੇ ਭੇਜਿਆ ਜਾਵੇ ਤਾਂ ਜੋ ਬਜਟ ਡਿਸਕਸ਼ਨ ਸਮੇਂ ਬਜਟ ਦੇ ਸਾਰੇ ਤੱਥਾਂ ਨੂੰ ਡਿਸਕਸ ਕੀਤਾ ਜਾ ਸਕੇ।

ਮਿਤੀ 31/3/2015 ਲਈ ਅੰਤਮ ਬਕਾਇਆ 8168.56 ਲੱਖ ਰੁਪਏ ਨਿਸ਼ਚਿਤ ਕੀਤਾ ਗਿਆ ਹੈ। ਕਮਿਸ਼ਨਰ, ਨਗਰ ਨਿਗਮ, ਲੁਧਿਆਣਾ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2015-16 ਲਈ ਨਿਸਚਿਤ ਕੀਤੀ ਗਈ ਆਮਦਨ ਦੇ ਟੀਚੇ ਨੂੰ ਹਰ ਹਾਲਤ ਵਿੱਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ ਆਮਦਨ ਦੇ ਸਨਮੁੱਖ ਕੀਤਾ ਜਾਵੇ। ਸਾਲ ਦੇ ਅੰਤ ਤੇ ਤਜਵੀਜਤ ਬਕਾਏ ਨੂੰ ਬਰਕਰਾਰ ਰਖਿਆ ਜਾਵੇ।

ਸ਼ਰਤਾਂ:

1 ਸਾਲ 2015-16 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਨਗਰ ਨਿਗਮ ਦੇ ਕਮਿਸ਼ਨਰ, ਮੇਅਰ ਅਤੇ ਕਾਰਜ ਸਾਧਕ ਅਫਸਰ ਦੀ ਸਾਂਝੀ ਜ਼ਿੰਮੇਵਾਰੀ ਹੋਵੇਗੀ।

2 ਨਗਰ ਨਿਗਮ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹੋਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ।

3 ਅਮਲੇ ਦੇ ਖਰਚੇ ਅਤੇ ਦਫਤਰੀ ਖਰਚ ਨੂੰ ਹਰ ਘਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ।

4 ਕਿਸੇ ਵੀ ਖਰਚੇ ਦੀ ਮਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿਚ ਕੀਤਾ ਜਾਵੇ।

5 ਕਈ ਨਵੀਂ ਅਸਾਮੀ ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਭਰੀ ਜਾਵੇ।

6 ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ।

7 ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ।

8 ਡੇਲੀਵੇਜਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਸ਼ੇਸ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ।

9 ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ।

10 ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ ਨਿਗਮ ਦੀ ਕੁਲ ਆਮਦਨ ਦਾ 1% ਦੀ ਰਾਸ਼ੀ ਦਾ ਉਪਬੰਧ ਕੀਤਾ ਜਾਂਦਾ ਹੈ।

11 ਵਿਕਾਸ ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ। ਹਰ ਹਾਲਤ ਵਿੱਚ ਜੋ ਪੈਸੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਦੀ ਸਮਾਂ ਸੀਮਾ ਅਤੇ ਮਿੱਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ। ਗਰਾਂਟ ਦਾ ਖਰਚਾ ਸਕੀਮ ਵਿੱਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸ਼ਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ। ਨਿਗਮ ਵੱਲੋਂ ਹਰ ਸਾਲ ਆਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ। ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਇਸ ਨੂੰ ਅਮਲ ਦੀ ਮੱਦ ਵਿਚ ਕੀਤਾ ਜਾਵੇ।

12 ਫਾਇਰ ਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ।

13 ਸਾਲ 2015-16 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣੇ ਯਕੀਨੀ ਬਣਾਇਆ ਜਾਵੇ।

14 ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ਼, ਜੀ.ਪੀ.ਫੰਡ ਦੀ ਅਦਾਇਗੀ, ਪੈਨਸ਼ਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ. ਦੇ ਕਰਜਿਆਂ ਦੀ ਅਦਾਇਗੀ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ।

15 ਕਰਮਚਾਰੀਆਂ ਨੂੰ ਕਰਜ ਦੇਣ ਦੇ ਸਬੰਧ ਵਿਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ।

16 ਸ਼ਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ।

17 ਸਾਲ 2015-16 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਨਿਗਮ ਦੇ ਵਿਕਾਸ ਦੇ ਫੰਡ ਵਿੱਚੋਂ ਸ਼ਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ।

18 ਸਥਾਨਕ ਸੰਸਥਾ ਦੇ ਦਫਤਰ ਵਿਚ ਕੰਪਿਊਟਰਾਈਜੇਸ਼ਨ ਕਰਨ ਲਈ ਬਜਟ ਦੇ ਫੰਡਾਂ ਵਿੱਚੋਂ ਆਪ ਦੇ ਅਧਿਕਾਰੀਆਂ / ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬਰਾਂਚਾਂ ਦੀ ਨੈੱਟ ਵਰਕਿੰਗ ਕਰਕੇ ਕੰਪਿਊਟਰਾਈਜੇਸ਼ਨ ਹਰ ਹਾਲਤ ਵਿਚ ਕੀਤੀ ਜਾਵੇ।

19 ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿਚ ਦਰਸਾਏ ਅਨੁਸਾਰ ਸਮੇਂ ਸਿਰ ਮਾਰ ਪਰ੍ਹ ਨਾਲ-ਨਾਲ ਸੈਟਲ ਕਰਵਾਏ ਜਾਣ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
ਸਥਾਨਕ ਸਰਕਾਰ, ਪੰਜਾਬ।

Scanned by CamScanner